# PAPER-II
# PUNJABI

**Signature and Name of Invigilator**

1. (Signature) __________________________
   (Name) ____________________________
2. (Signature) __________________________
   (Name) ____________________________

OMR Sheet No. : ............................................
(To be filled by the Candidate)

Roll No. | | | | | | | | |
(In figures as per admission card)

Roll No.________________________________
(In words)

| J | 2 | 4 | 1 | 6 |
|---|---|---|---|---|

Time : 1 1/4 hours] [Maximum Marks : **100**

Number of Pages in this Booklet : **12** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④
   where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet and duplicate copy of OMR Sheet on conclusion of examination.
10. **Use only Black Ball point pen provided by C.B.S.E.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है :
   **उदाहरण** : ① ② ● ④
   जबकि (3) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं ।
10. **केवल C.B.S.E. द्वारा प्रदान किये गये काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

**PUNJABI**
**ਪੰਜਾਬੀ**
**Paper-II**
**ਪ੍ਰਸ਼ਨ ਪੱਤਰ-II**

**Note :** This paper contains **fifty (50)** objective type questions, each question carrying **two (2)** marks. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।

**1.** ਭਾਸ਼ਾ ਸ਼ਾਸਤਰ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ :
(1) ਵਿਹਾਰਕ ਭਾਸ਼ਾ ਵਿਗਿਆਨ (2) ਤੁਲਨਾਤਮਿਕ ਭਾਸ਼ਾ ਵਿਗਿਆਨ
(3) ਟਾਕਰਵਾਂ ਭਾਸ਼ਾ ਸ਼ਾਸਤਰ (4) ਵਰਣਨਾਤਮਕ ਭਾਸ਼ਾ ਵਿਗਿਆਨ

**2.** ਮਨੁੱਖੀ ਭਾਸ਼ਾ ਦੀ ਪਰਿਭਾਸ਼ਕ ਵਿਸ਼ੇਸ਼ਤਾ ਦਾ ਸੰਬੰਧ ਹੈ :
(1) ਦੋਹਰੇਪਣ ਨਾਲ (2) ਇਕਹਿਰੇਪਣ ਨਾਲ
(3) ਭਾਵਾਂਸ਼ ਦੇ ਸਰੂਪ ਨਾਲ (4) ਲੇਖਣ ਪ੍ਰਕਿਰਿਆ ਨਾਲ

**3.** ਪੂਰਬੀ ਤੇ ਪੱਛਮੀ ਉਪ-ਭਾਸ਼ਾਵਾਂ ਦੀ ਵੰਡ ਦਾ ਮੁੱਖ ਲੱਛਣਿਕ ਆਧਾਰ ਹੈ :
(1) ਸ਼ਬਦਾਵਲੀ ਤੇ ਵਾਕ ਬਣਤਰ ਦਾ ਵਖਰੇਵਾਂ
(2) ਸਵਰਾਂ ਦੀ ਵਰਤੋਂ ਤੇ ਮਾਤਰਾ ਦਾ ਵਖਰੇਵਾਂ
(3) ਅਘੋਸ਼ ਅਲਪ-ਪ੍ਰਾਣ ਧੁਨੀਆਂ ਦਾ ਵਖਰੇਵਾਂ
(4) ਸਘੋਸ਼ ਮਹਾਂਪ੍ਰਾਣ ਤੇ ਅੰਤਰ ਸਫੋਟੀ ਧੁਨੀਆਂ

**4.** ਅਘੋਸ਼ ਧੁਨੀਆਂ ਦਾ ਸੰਬੰਧ ਹੈ :
(1) ਉਚਾਰਨ ਸਥਾਨ ਨਾਲ (2) ਸੁਰਤੰਦਾਂ ਨਾਲ
(3) ਸੁਰਯੰਤਰ ਨਾਲ (4) ਨੱਕ ਪੋਲ ਨਾਲ

**5.** ਅਕਰਮਕ ਕਿਰਿਆ ਦਾ ਸੰਬੰਧ ਹੈ :
(1) ਵਿਆਕਰਨਕ ਮੇਲ ਨਾਲ (2) ਵਿਆਕਰਨਕ ਰੂਪਾਂਤਰ ਨਾਲ
(3) ਵਿਆਕਰਨਕ ਅਧਿਕਾਰ ਨਾਲ (4) ਸ਼ਬਦਾਂ ਦੇ ਵਿਚਰਨ ਨਾਲ

**6.** ਭਾਰਤੀ-ਯੋਰਪੀ ਪਰਿਵਾਰ ਦੀ ਸ਼ਾਖ਼ਾ ਹੈ :
(1) ਆਸਟ੍ਰੇਲੀਅਨ (2) ਸਿਨੋ-ਤਿੱਬਤੀ
(3) ਕੈਲਟਿਕ (4) ਹਾਮੀ ਪਰਿਵਾਰ

7. ਭਾਰਤੀ-ਆਰੀਆ ਪਰਿਵਾਰ ਦੀ ਸ਼ਾਖਾ ਦੇ ਜੁੱਟ ਹਨ :

(1) ਨਿਪਾਲੀ, ਗੜ੍ਹਵਾਲੀ (2) ਗੁਜਰਾਤੀ, ਤਾਮਿਲ

(3) ਤੇਲਗੂ, ਮਲਿਆਲਮ (4) ਉੜੀਆ, ਕੰਨੜ

8. **(A) ਕਥਨ :** ਪਦਾਰਥਕ ਸਭਿਆਚਾਰ ਦਾ ਸਬੰਧ ਭੌਤਿਕ ਸੰਰਚਨਾਵਾਂ ਨਾਲ ਹੈ ਅਤੇ ਚਿਹਨਕ ਸਭਿਆਚਾਰ ਦਾ ਸਬੰਧ ਸੰਕਲਪੀ ਸਭਿਆਚਾਰ ਨਾਲ ਹੈ ।

**(R) ਕਾਰਨ :** ਕਿਉਂਕਿ ਚਿਹਨਕ ਸਭਿਆਚਾਰ ਵਸਤੂ ਜਗਤ ਨੂੰ ਚਿਹਨਕਾਂ ਵਿਚ ਢਾਲਦਾ ਹੈ ਜਦੋਂ ਕਿ ਪਦਾਰਥਕ ਸਭਿਆਚਾਰ ਦਾ ਚਿਹਨਕਾਂ ਨਾਲ ਕੋਈ ਸਿੱਧਾ ਸੰਬੰਧ ਨਹੀਂ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ ?

(1) (A) ਸਹੀ ਹੈ (R) ਆਂਸ਼ਿਕ ਸਹੀ ਹੈ । (2) (A) ਸਹੀ ਹੈ (R) ਗ਼ਲਤ ਹੈ ।

(3) (A) ਅਤੇ (R) ਦੋਵੇਂ ਸਹੀ ਹਨ । (4) (A) ਅਤੇ (R) ਦੋਵੇਂ ਗ਼ਲਤ ਹਨ ।

9.

| **ਸੂਚੀ-I** | **ਸੂਚੀ-II** |
|---|---|
| (a) ਉਚਾਈ | (i) Amplitude |
| (b) ਸ੍ਰਵਣੀ | (ii) Frequency |
| (c) ਆਵ੍ਰਿਤੀ | (iii) Altitude |
| (d) ਵਿਸਥਾਰ | (iv) Auditory |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ ?

| | (a) | (b) | (c) | (d) |
|---|---|---|---|---|
| (1) | (ii) | (iv) | (iii) | (i) |
| (2) | (i) | (iii) | (ii) | (iv) |
| (3) | (ii) | (i) | (iv) | (iii) |
| (4) | (iii) | (iv) | (ii) | (i) |

10.

| **ਸੂਚੀ-I** | **ਸੂਚੀ-II** |
|---|---|
| (a) ਕਾਰਕ ਤੇ ਆਸ ਪੈਕਟ | (i) ਭਾਸ਼ਾ-ਜੁਗਤ |
| (b) ਵਾਕੰਸ਼ ਤੇ ਉਪਵਾਕ | (ii) ਸ਼ਬਦ ਸ਼੍ਰੇਣੀਆਂ |
| (c) ਕਿਰਿਆ ਤੇ ਕਿਰਿਆ ਵਿਸ਼ੇਸ਼ਣ | (iii) ਵਿਆਕਰਨਕ ਇਕਾਈਆਂ |
| (d) ਧੁਨੀ ਤੇ ਰੂਪ | (iv) ਵਿਆਕਰਨਕ ਸ਼੍ਰੇਣੀਆਂ |

ਭਾਸ਼ਾ ਦੀ ਤਕਨੀਕੀ ਸ਼ਬਦਾਵਲੀ ਦੇ ਵੇਰਵੇ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (1) | (ii) | (iv) | (iii) | (i) |
| (2) | (i) | (iii) | (ii) | (iv) |
| (3) | (iv) | (iii) | (ii) | (i) |
| (4) | (ii) | (iii) | (iv) | (i) |

**11.** ਸਮਾਜ-ਭਾਸ਼ਾ ਨਾਲ ਸਬੰਧਿਤ ਜੁੱਟ ਨਹੀਂ :

(1) ਜਾਤ ਤੇ ਬਰਾਦਰੀ (2) ਖਿੱਤਾ ਤੇ ਆਂਚਲ

(3) ਉਮਰ ਤੇ ਲਿੰਗ ਭੇਦ (4) ਕਿੱਤੇ ਤੇ ਸਿੱਖਿਆ

**12.** ਸ਼ੈਲੀ ਵਿਗਿਆਨ ਦੇ ਸੰਕਲਪ ਧੁਨੀਗ੍ਰਾਮਕ ਪਰਾਹਨ ਦਾ ਸੰਬੰਧ ਹੈ :

(1) ਧੁਨੀ ਲੋਪਨ ਨਾਲ (2) ਧੁਨੀ ਵਟਾਂਦਰੇ ਨਾਲ

(3) ਸ਼ਬਦ ਸਥਾਨ ਨਾਲ (4) ਅੱਖਰ ਵਾਧੇ ਨਾਲ

**13.** **(A) ਕਥਨ :** ਭਾਸ਼ਾਵਾਂ ਦੇ ਅਧਿਐਨ ਲਈ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਦੋ ਪ੍ਰਕਾਰ ਦੀਆਂ ਵਿਧੀਆਂ ਹਨ ਜਿਨ੍ਹਾਂ ਨੂੰ ਪਰਿਵਾਰ ਤੇ ਪ੍ਰਕਾਰ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ । ਪਰ ਇਨ੍ਹਾਂ ਤੋਂ ਭਾਸ਼ਾਵਾਂ ਦੇ ਵਰਤਾਰੇ ਸੰਬੰਧੀ ਪੂਰੀ ਜਾਣਕਾਰੀ ਨਹੀਂ ਮਿਲਦੀ ।

**(R) ਕਾਰਨ :** ਕਿਉਂਕਿ ਭਾਸ਼ਾ ਪਰਿਵਾਰ ਦਾ ਸੰਬੰਧ ਭਾਸ਼ਾ ਦੇ ਇਤਿਹਾਸ ਨਾਲ ਹੈ ਤੇ ਪ੍ਰਕਾਰ ਦਾ ਸੰਬੰਧ ਭਾਸ਼ਾ ਜੁਗਤ ਨਾਲ । ਇਸ ਲਈ ਇਹ ਦੋਵੇਂ ਇਕ ਦੂਜੇ ਦੀਆਂ ਵਿਰੋਧੀ ਅਧਿਐਨ ਵਿਧੀਆਂ ਹਨ ।

(1) (A) ਆਂਸ਼ਿਕ ਸਹੀ ਹੈ (R) ਗ਼ਲਤ ਹੈ । (2) (R) ਸਹੀ ਹੈ (A) ਆਂਸ਼ਿਕ ਸਹੀ ਹੈ ।

(3) (A) ਅਤੇ (R) ਦੋਵੇਂ ਆਂਸ਼ਿਕ ਸਹੀ ਹਨ । (4) (A) ਅਤੇ (R) ਦੋਵੇਂ ਗ਼ਲਤ ਹਨ ।

**14.** "ਯਥਾਰਥ ਦੇ ਕੁਝ ਪੱਖ ਕਲਾ-ਮਾਧਿਅਮ ਰਾਹੀਂ ਹੀ ਗ੍ਰਹਿਣ ਕੀਤੇ ਅਤੇ ਪ੍ਰਗਟਾਏ ਜਾ ਸਕਦੇ ਹਨ, ਕਿਸੇ ਹੋਰ ਮਾਧਿਅਮ ਰਾਹੀਂ ਨਹੀਂ", ਵਿਚ ਕਿਸ ਸਾਹਿਤ ਸਿੱਧਾਂਤਕ ਪੱਖ ਉਪਰ ਬਲ ਹੈ :

(1) ਸਾਹਿਤ ਮੁਲਾਂਕਣ ਦਾ ਆਧਾਰ (2) ਕਲਾ ਬਿੰਬ ਤੇ ਗਿਆਨ ਸੰਕਲਪ

(3) ਸਾਹਿਤ ਦੀ ਵਿਲੱਖਣ ਹੋਂਦ (4) ਸਾਹਿਤ ਅਧਿਐਨ ਵਿਧੀ

**15.** ਰੋਮਨ ਜੈਕਬਸਨ ਅਨੁਸਾਰ ਕਾਵਿਮਈ ਪ੍ਰਕਾਰਜ ਦਾ ਸੰਬੰਧ ਕਿਸ ਨਾਲ ਹੈ :

I. ਸ਼ੈਲੀਗਤ ਵਿਸ਼ੇਸ਼ਤਾਵਾਂ II. ਮਾਨਸਿਕ ਸੰਬੰਧ

III. ਅਭਿਵਿਅਕਤੀ IV. ਵਿਅੰਜਨਾ

ਉਪਰੋਕਤ ਵਿਚੋਂ ਸਹੀ ਹੈ :

(1) I, II, III (2) III, II, I

(3) I, III, IV (4) II, III, I

**16.**

| **ਸੂਚੀ-I** | **ਸੂਚੀ-II** |
|---|---|
| I. ਜੰਗਨਾਮਾ : ਸਰੂਪ, ਸਿੱਧਾਂਤ ਤੇ ਵਿਕਾਸ | A. ਸੀਤਾ ਰਾਮ ਕੋਹਲੀ |
| II. ਪ੍ਰਾਚੀਨ ਵਾਰਾਂ ਤੇ ਜੰਗਨਾਮੇ | B. ਗੰਡਾ ਸਿੰਘ |
| III. ਪੰਜਾਬ ਦੀਆਂ ਵਾਰਾਂ | C. ਗੁਰਦੇਵ ਸਿੰਘ |
| IV. ਵਾਰ ਸ਼ਾਹ ਮੁਹੰਮਦ | D. ਸ਼ਮਸ਼ੇਰ ਸਿੰਘ ਅਸ਼ੋਕ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | I | II | III | IV |
|---|---|---|---|---|
| (1) | C | A | D | B |
| (2) | B | C | A | D |
| (3) | D | B | C | A |
| (4) | C | D | B | A |

17. 'ਬਾਰਹਮਾਹ' ਦੇ ਪਰਿਭਾਸ਼ਕ ਲੱਛਣ ਹਨ :

(1) ਰਸ ਪ੍ਰਧਾਨ, ਨਖ-ਸ਼ਿਖ ਵਰਣਨ, ਪ੍ਰਕਿਰਤੀ ਚਿਤ੍ਰਣ

(2) ਦੇਸੀ ਮਹੀਨਿਆਂ ਦਾ ਆਧਾਰ, ਲੋਕ-ਰੂਪ, ਪ੍ਰਕਿਰਤੀ ਚਿਤ੍ਰਣ

(3) ਕਾਂਤਾ ਪ੍ਰਵਿਰਤੀ, ਵੀਰ ਰਸ, ਪ੍ਰਕਿਰਤੀ ਚਿਤ੍ਰਣ

(4) ਨਖ-ਸ਼ਿਖ ਵਰਣਨ, ਕਰੁਣਾ ਰਸ, ਦੇਸੀ ਮਹੀਨਿਆਂ ਦਾ ਆਧਾਰ

18. ਨਾਟਕੀ ਕਥਾ-ਵਿਕਾਸ ਦੇ ਬਿੰਦੂ ਹਨ :

(1) ਆਰੰਭ, ਸਿਖਰ, ਟੱਕਰ, ਤਣਾਉ (2) ਗੁੰਝਲ, ਸਿਖਰ, ਉਤਰਾਅ, ਅੰਤ

(3) ਆਰੰਭ, ਉਤਰਾਅ, ਸਿਖਰ, ਅੰਤ (4) ਉਤਰਾਅ, ਆਰੰਭ, ਗੁੰਝਲ, ਅੰਤ

19. ਦੁਖਾਂਤ ਦੇ ਵਾਪਰਨ ਦਾ ਨਾਟਕੀ ਕਾਰਣ ਹੈ :

(1) ਕਾਵਿਕ ਨਿਆਂ ਅਤੇ ਨੈਤਿਕਤਾ (2) ਚਰਿਤ੍ਰ-ਦੋਸ਼ ਅਤੇ ਭਾਗ-ਪਲਟਾਉ

(3) ਹੋਣੀ ਅਤੇ ਲਟਕਾਉ (4) ਚਮਤਕਾਰ ਅਤੇ ਅਣਹੋਣੀ

20. ਕਿਸ ਸਾਹਿਤ-ਰੂਪ ਨੂੰ ਖੁਲ੍ਹੀ ਚਿੱਠੀ ਵਰਗਾ ਰੂਪ ਮੰਨਿਆ ਗਿਆ ਹੈ :

(1) ਡਾਇਰੀ (2) ਸੰਸਮਰਣ

(3) ਖ਼ਤ-ਗੀਤ (4) ਨਿਬੰਧ

21. ਜੰਗਾਂ-ਯੁੱਧਾਂ ਨਾਲ ਸੰਬੰਧਿਤ ਕਾਵਿ-ਰੂਪਾਂ ਦਾ ਸਹੀ ਜੁੱਟ ਹੈ :

(1) ਸ਼ਬਦ, ਫ਼ਤਹਿਨਾਮਾ, ਸਾਕਾ, ਵਾਰ (2) ਭੇੜਾ, ਜੰਗਨਾਮਾ, ਕੜਖਾ, ਕਾਫ਼ੀ

(3) ਝਗੜਾ, ਸਾਕਾ, ਫ਼ਤਹਿਨਾਮਾ, ਝੇੜਾ (4) ਝੇੜਾ, ਕਿੱਸਾ, ਜੰਗਨਾਮਾ, ਕਰਖਾ

22. ਸਵੈ-ਜੀਵਨੀ ਲੇਖਨ ਦੇ ਕਾਰਜ ਦੀ ਪ੍ਰਕਿਰਤੀ ਦਾ ਮੂਲ ਆਧਾਰ ਹੈ :

I. ਇਤਿਹਾਸ

II. ਗਲਪ

III. ਸਮਾਜਕ ਚੇਤਨਾ

IV. ਪ੍ਰਸੰਸਾ

ਉਪਰੋਕਤ ਵਿਚੋਂ ਸਹੀ ਹੈ :

(1) I, IV (2) I, II

(3) III, IV (4) II, IV

23. ਆਚਾਰੀਆ ਮੰਮਟ ਅਨੁਸਾਰ ਕਾਵਿ ਸਿਰਜਣਾ ਦਾ ਆਧਾਰ ਹੈ :

(1) ਲੋਕ, ਵਿਦਿਆ ਅਤੇ ਪ੍ਰਕਰਣ (2) ਸ਼ਕਤੀ, ਉਨਮੇਸ਼ ਅਤੇ ਬੁੱਧੀ

(3) ਪ੍ਰਤਿਭਾ, ਨਿਪੁੰਨਤਾ ਅਤੇ ਅਭਿਆਸ (4) ਲੋਕ, ਬੁੱਧੀ ਅਤੇ ਅਭਿਆਸ

**24.** **ਸੂਚੀ-I** **ਸੂਚੀ-II**

| | |
|---|---|
| I. ਅਭਿਨਵ ਗੁਪਤ | A. ਭੁਕਤਿਵਾਦ |
| II. ਭੱਟ ਨਾਇਕ | B. ਅਨੁਮਾਨਵਾਦ |
| III. ਸ਼ੰਕੁਕ | C. ਆਰੋਪਵਾਦ |
| IV. ਭੱਟ ਲੋਲਟ | D. ਵਿਅਕਤੀਵਾਦ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | I | II | III | IV |
|---|---|---|---|---|
| (1) | C | D | A | B |
| (2) | B | C | A | D |
| (3) | D | A | B | C |
| (4) | A | B | D | C |

**25.** ਆਚਾਰੀਆ ਵਾਮਨ ਅਨੁਸਾਰ ਕਾਵਿ ਦਾ ਪ੍ਰਯੋਜਨ ਹੈ :

(1) ਦ੍ਰਿਸ਼ਟ ਤੇ ਅਦ੍ਰਿਸ਼ਟ (2) ਯਸ਼ ਤੇ ਆਨੰਦ

(3) ਯਸ਼ ਤੇ ਅਰਥ (4) ਯਸ਼ ਤੇ ਪ੍ਰੀਤੀ

**26.** ਕਿਹੜੀ ਸ਼ਬਦ ਸ਼ਕਤੀ ਨੂੰ ਵਾਕ ਸ਼ਕਤੀ ਵੀ ਮੰਨਿਆ ਗਿਆ ਹੈ :

(1) ਅਭਿਧਾ (2) ਲਕਸ਼ਣਾ

(3) ਵਿਅੰਜਨਾ (4) ਤਾਤਪਰਯ

**27.** 'ਅਜਨਬੀਕਰਨ' ਦਾ ਸਿੱਧਾਂਤ ਕਿਸ ਚਿੰਤਕ ਦੀ ਦੇਣ ਹੈ :

(1) ਸ਼ਕਲੋਵਸਕੀ (2) ਮੁਕਾਰੋਵਸਕੀ

(3) ਰੋਮਨ ਜੈਕਬਸਨ (4) ਤੋਮਾਸ਼ੇਵਸਕੀ

**28.** **ਸੂਚੀ-I** **ਸੂਚੀ-II**

| | |
|---|---|
| I. ਮਾਰਕਸਵਾਦ | A. ਐਰਿਕ ਫਰਾਮ |
| II. ਉੱਤਰ ਸੰਰਚਨਾਵਾਦ | B. ਪੀਰੇ ਮਾਸ਼ੇਰੀ |
| III. ਸੰਰਚਨਾਵਾਦ | C. ਯਾਂ ਪਿਆਜ਼ੇ |
| IV. ਮਨੋਵਿਸ਼ਲੇਸ਼ਣਵਾਦ | D. ਹੈਰਲਡ ਬਲੂਮ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | I | II | III | IV |
|---|---|---|---|---|
| (1) | C | B | A | D |
| (2) | B | D | C | A |
| (3) | D | B | C | A |
| (4) | A | C | B | D |

**29.** ਉਤਰ-ਆਧੁਨਿਕਤਾਵਾਦ ਦੇ ਸੰਕਲਪਾਂ ਦਾ ਸਹੀ ਜੁੱਟ ਹੈ :

(1) ਮਹਾਂ ਬਿਰਤਾਂਤ, ਵਿਕੇਂਦਰਤਾ ਅਤੇ ਉੱਚ ਯਥਾਰਥਕਤਾ

(2) ਨੀਂਹ-ਉਸਾਰ, ਸੰਰਚਨਾ ਅਤੇ ਵਿਚਾਰਧਾਰਾ

(3) ਚਿਹਨਾਤਮਕਤਾ, ਅਰਥ ਉਤਪਾਦਨ ਅਤੇ ਪ੍ਰਵਚਨ

(4) ਖੱਪੇ, ਪ੍ਰਤੀਕ ਸਿਰਜਣਾ ਅਤੇ ਵਿਚਾਰਧਾਰਾ

**30.** ਕਿੱਸਾ ਸ਼ਬਦ ਅਰਬੀ ਭਾਸ਼ਾ ਦੇ ਧਾਤੂ 'ਕੱਸ' ਤੋਂ ਬਣਿਆ ਹੈ, ਜਿਸ ਦੇ ਸ਼ਾਬਦਿਕ ਅਰਥ ਹਨ ;

I. ਨਾਇਕ ਦੀ ਉਸਤਤ ਕਰਨਾ

II. ਪਿੱਛਾ ਕਰਨਾ

III. ਖ਼ਬਰ ਦੇਣਾ

IV. ਪਿਆਰ ਕਰਨਾ

ਉਪਰੋਕਤ ਅਨੁਸਾਰ ਕਿਹੜਾ ਸਹੀ ਹੈ :

(1) I ਅਤੇ II (2) IV ਅਤੇ III

(3) I ਅਤੇ IV (4) II ਅਤੇ III

**31.** ਸਾਹਿਤ ਦੀ ਇਤਿਹਾਸਕਾਰੀ ਦਾ ਮੂਲ ਸਰੋਕਾਰ ਹੈ :

(1) ਸਾਹਿਤਕ ਰੂਪਾਂ ਅਤੇ ਪ੍ਰਮਾਣਿਕ ਪਾਠਾਂ ਦੀ ਖੋਜ

(2) ਸਾਹਿਤ-ਸਿਰਜਣ ਪ੍ਰਕਿਰਿਆ ਦੀ ਵਿਆਖਿਆ

(3) ਪ੍ਰਮਾਣਿਕ ਪਾਠਾਂ ਅਤੇ ਵਿਕਾਸ ਪ੍ਰਵਿਰਤੀਆਂ ਦੀ ਨਿਸ਼ਾਨ ਦੇਹੀ

(4) ਵਿਭਿੰਨ ਸਾਹਿਤ-ਰੂਪਾਂ ਦੇ ਅੰਤਰ-ਸੰਬੰਧਾਂ ਦੀ ਪਛਾਣ

**32.** ਪੰਜਾਬੀ ਵਿਚ ਸਾਹਿਤ-ਇਤਿਹਾਸ ਦੀ ਰਚਨਾ ਕਿਸ ਆਧਾਰ ਉੱਪਰ ਨਹੀਂ ਹੋਈ :

(1) ਧਰਮ (2) ਸਾਹਿਤਕ ਕਾਲ

(3) ਸਾਹਿਤਕ ਪ੍ਰਵਿਰਤੀ (4) ਸਾਹਿਤ-ਰੂਪ

**33.** ਯਥਾਰਥਵਾਦੀ ਪ੍ਰਵਿਰਤੀ ਦੇ ਮੁੱਖ ਸਰੋਕਾਰ ਹਨ :

I. ਤਰਕਸ਼ੀਲਤਾ

II. ਮਾਨਵਵਾਦੀ ਸਿਧਾਂਤ

III. ਵਿਸ਼ਵ-ਦ੍ਰਿਸ਼ਟੀ

IV. ਵਸਤੂ ਮੂਲਕ ਦ੍ਰਿਸ਼ਟੀ

ਉਪਰੋਕਤ ਦਾ ਕਿਹੜਾ ਜੁੱਟ ਸਹੀ ਹੈ :

(1) I, IV (2) II, III

(3) III, IV (4) II, III, IV

34. (A) ਕਥਨ : ਆਮ ਵਿਚਾਰ ਹੈ ਕਿ ਭਾਈ ਵੀਰ ਸਿੰਘ ਵਰਤਮਾਨ ਤੋਂ ਦੌੜ ਕੇ ਅਤੀਤ ਦੀ ਸ਼ਰਨ ਲੈਂਦਾ ਹੈ । ਅਸਲ ਵਿਚ ਉਹ ਅਤੀਤ ਵਲ ਦੌੜਦਾ ਨਹੀਂ ਸਗੋਂ ਅਤੀਤ ਵਿਚੋਂ ਪ੍ਰਾਪਤ ਪ੍ਰਤਿਮਾਨਾਂ ਨੂੰ ਵਰਤਮਾਨ ਵਿਚ ਵਰਤਣ ਉਪਰ ਬਲ ਦਿੰਦਾ ਹੈ ।

(R) ਕਾਰਨ : ਭਾਈ ਵੀਰ ਸਿੰਘ ਦੀ ਕਵਿਤਾ ਸਿਧਾਂਤਕ ਪੱਖ ਤੋਂ ਨੈਤਿਕ ਪ੍ਰਯੋਜਨ ਨਾਲ ਜੁੜੀ ਹੋਈ ਪ੍ਰਤੀਤ ਹੁੰਦੀ ਹੈ । ਪਰ ਇਸ ਵਿਚ ਮਨੁੱਖ ਦੇ ਆਚਰਣਕ ਚਰਿਤ੍ਰ ਨੂੰ ਸੇਧ ਦੇਣ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ ।

(1) (A) ਸਹੀ (R) ਅੰਸ਼ਿਕ ਸਹੀ ਹੈ ।
(2) (A) ਅਤੇ (R) ਦੋਵੇਂ ਸਹੀ ਹਨ ।
(3) (A) ਅਤੇ (R) ਦੋਵੇਂ ਗ਼ਲਤ ਹਨ ।
(4) (A) ਅੰਸ਼ਿਕ ਸਹੀ (R) ਸਹੀ ਹੈ ।

35. 'ਰੁਮਾਂਸਵਾਦ' ਦੇ ਪਰਿਭਾਸ਼ਕ ਲੱਛਣ ਹਨ :

(1) ਇਸ਼ਕ, ਉਪਰਾਮਤਾ, ਤਾਰਕਿਕਤਾ
(2) ਯਥਾਰਥਕਤਾ, ਇਸ਼ਕ, ਵਿਵੇਕ
(3) ਮਨੋਵੇਗ, ਕਲਪਨਾ, ਵਿਅਕਤੀਗਤ ਸੁਤੰਤਰਤਾ
(4) ਪਰੰਪਰਾ, ਵਲਵਲਾ, ਬੌਧਿਕਤਾ

36. ਕਿਹੜਾ ਜੁੱਟ ਸਹੀ ਨਹੀਂ ਹੈ ?

(1) ਪੰਜਾਬੀ ਕਿੱਸਾ ਕਵਿ ਦਾ ਇਤਿਹਾਸ : ਅਮਰਜੀਤ ਸਿੰਘ ਕਾਂਗ
(2) ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਸਰੂਪ ਤੇ ਵਿਕਾਸ : ਬਲਜੀਤ ਕੌਰ
(3) ਪੰਜਾਬੀ ਕਵਿਤਾ ਦਾ ਵਿਕਾਸ : ਧਰਮਪਾਲ ਸਿੰਗਲ
(4) ਪੰਜਾਬੀ ਵਾਰਕਾਵਿ ਦਾ ਇਤਿਹਾਸ : ਸੁਤਿੰਦਰ ਸਿੰਘ ਨੂਰ

37. ਲੋਕਵੇਦ ਦਾ ਭਾਵਾਰਥ ਹੈ :

(1) ਦੋ ਜਾਂ ਵੱਧ ਵਿਅਕਤੀਆਂ ਦੀਆਂ ਇਕ ਸਮਾਨ ਪਰੰਪਰਾਵਾਂ
(2) ਲੋਕ ਸੱਭਿਆਚਾਰ ਅਤੇ ਕਿਰਸਾਨੀ ਜੀਵਨ
(3) ਸਮਾਨ ਸ਼ਨਾਖ਼ਤ ਅਤੇ ਸਾਂਝ
(4) ਸਮਾਨ ਲੱਛਣ ਅਤੇ ਸਮਾਜਕਤਾ

38. ਲੋਕਯਾਨ ਦਾ ਮਾਧਿਅਮ ਹੈ :

I. ਕਲਾਕਾਰ
II. ਮੌਖਿਕਤਾ
III. ਸਰੋਤਾ
IV. ਪਰੰਪਰਾ

ਉਪਰੋਕਤ ਵਿਚੋਂ ਸਹੀ ਹਨ :

(1) I ਅਤੇ III
(2) II ਅਤੇ III
(3) III ਅਤੇ IV
(4) II ਅਤੇ IV

**39.** ਮੌਖ਼ਿਕ ਸਾਹਿਤ ਦੀ ਪ੍ਰਕਿਰਤੀ ਹੈ ;

(1) ਸਥਿਰ ਅਤੇ ਪਰਿਵਰਤਨ ਸ਼ੀਲ

(2) ਗਤੀਸ਼ੀਲ ਅਤੇ ਆਮੁਹਾਰ

(3) ਪ੍ਰਵਰਗਮੂਲਕ ਅਤੇ ਗਤੀਸ਼ੀਲ

(4) ਆਵੇਸ਼ੀ ਅਤੇ ਗਤੀ ਰਹਿਤ

**40.** **(A) ਕਥਨ :** ਮਨੁੱਖ ਜਾਤੀ ਦੇ ਆਤਮਿਕ ਅਤੇ ਮਾਨਸਿਕ ਪ੍ਰਵਿਰਤੀਆਂ ਦੇ ਇਤਿਹਾਸ ਦੀ ਉਸਾਰੀ ਕਰਨ ਲਈ ਲੋਕਯਾਨ ਕੇਵਲ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਹੀ ਨਹੀਂ; ਸਗੋਂ ਵਿਚਾਰਾਂ ਦੇ ਖੇਤਰ ਵਿਚ ਵੀ ਵਿਦਮਾਨ ਹੈ ।

**(R) ਕਾਰਨ :** ਤਾਂ ਹੀ ਲੋਕਯਾਨ ਕਿਸੇ ਲੋਕ-ਸਮੂਹ ਦੀ ਬੋਧਿਕ, ਨੈਤਿਕ, ਸਮਾਜਕ ਅਤੇ ਧਾਰਮਿਕ ਅਵਸਥਾ ਦੀ ਸੰਪੂਰਨ ਤਸਵੀਰ ਪੇਸ਼ ਕਰਨ ਦੇ ਸਮਰਥ ਹੁੰਦਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਗਲਤ (R) ਸਹੀ ਹੈ ।

(2) (A) ਸਹੀ ਅਤੇ (R) ਗਲਤ ਹੈ ।

(3) (A) ਅਤੇ (R) ਸਹੀ ਹਨ ।

(4) (A) ਸਹੀ (R) ਅਾਂਸ਼ਿਕ ਸਹੀ ਹੈ ।

**41.** ਸਭਿਆਚਾਰ ਦੇ ਸੰਗਠਨ ਮੂਲਕ ਤੱਤਾਂ ਦਾ ਸਹੀ ਜੁੱਟ ਹੈ ;

(1) ਸਭਿਆਚਾਰਕ ਸੰਸਥਾਵਾਂ ਅਤੇ ਸਾਂਝਾ ਵਿਰਸਾ

(2) ਸਮਾਜਿਕ ਪੈਟਰਨ ਅਤੇ ਭੂਗੋਲਿਕ ਖਿੱਤਾ

(3) ਸਭਿਆਚਾਰਕ ਸੰਸਥਾਵਾਂ ਅਤੇ ਕਦਰਾਂ ਕੀਮਤਾਂ

(4) ਲੋਕਾਚਾਰ ਅਤੇ ਪਹਿਰਾਵਾ

**42.** ਲੋਕਧਾਰਾ ਅਧਿਐਨ ਨਾਲ ਸੰਬੰਧਿਤ ਅਨੁਸ਼ਾਸਨਾਂ ਦਾ ਸਹੀ ਜੁੱਟ ਹੈ :

(1) ਮਨੋਵਿਗਿਆਨਿਕ ਅਧਿਐਨ ਅਤੇ ਗਣਿਤ ਸ਼ਾਸਤਰ

(2) ਸਮਾਜ-ਸਭਿਆਚਾਰਕ ਅਧਿਐਨ ਅਤੇ ਜੀਵ ਵਿਗਿਆਨ

(3) ਇਤਿਹਾਸਕ-ਭੂਗੋਲਿਕ ਅਤੇ ਤਰਕ-ਸ਼ਾਸਤਰ

(4) ਮਾਨਵ ਵਿਗਿਆਨ ਅਤੇ ਕਾਵਿ-ਸ਼ਾਸਤਰ

**43.** ਪੰਜਾਬੀ ਡਾਇਸਪੋਰਾ ਦਾ ਸਭਿਆਚਾਰਕ ਪਛਾਣ-ਚਿੰਨ੍ਹ ਹੈ :

(1) ਇਤਿਹਾਸਕ ਖਿੰਡਾਉ ਅਤੇ ਭੂ-ਹੇਰਵਾ

(2) ਆਵਾਸੀ ਖਿੰਡਾਉ ਅਤੇ ਸਭਿਆਚਾਰਕ ਆਤਮ ਸਥਾਪਤੀ

(3) ਸਭਿਆਚਾਰਕ ਖਿੰਡਾਉ ਅਤੇ ਜੜ੍ਹਾਂ ਦੀ ਚੇਤਨਾ

(4) ਪਰਵਾਸ ਅਤੇ ਪੁਨਰ-ਸਥਾਪਨਾ

44. ਲੋਕ ਗਾਥਾ ਦਾ ਰੂਪਾਕਾਰਿਕ ਲੱਛਣ ਹੈ ;

(1) ਇਤਿਹਾਸਕ ਤੱਥ ਅਤੇ ਬਿਰਤਾਂਤਕ ਕਾਵਿ

(2) ਇਤਿਹਾਸਕ ਵਿਅਕਤੀ ਅਤੇ ਬਿਰਤਾਂਤਕ ਕਾਵਿ

(3) ਇਤਿਹਾਸਕ ਸਥਿਤੀ ਅਤੇ ਬਿਰਤਾਂਤਕ ਕਾਵਿ

(4) ਇਤਿਹਾਸਕ ਸੰਦਰਭ ਅਤੇ ਨਾਟਕੀ ਟੱਕਰ

45. **(A) ਕਥਨ** : ਸਭਿਆਚਾਰਕ ਬਦਲਾਵ ਆਪਣੇ ਆਪ ਵਿਚ ਇਕ ਅਜਿਹਾ ਲਾਜ਼ਮੀ ਅਤੇ ਵਿਕਾਸਮੁਖੀ ਵਰਤਾਰਾ ਹੈ, ਜਿਸਦੇ ਆਪਣੇ ਸਹਿਜ, ਆਂਤਰਿਕ ਅਤੇ ਬਾਹਰਮੁਖੀ ਨਿਯਮ ਤੇ ਕਿਰਿਆਵਾਂ ਹਨ ।

**(R) ਕਾਰਨ** : ਪਰ, ਅਜੋਕਾ ਸਭਿਆਚਾਰਕ ਬਦਲਾਵ ਆਂਤਰਿਕ ਅਤੇ ਲਾਜ਼ਮੀ ਸਭਿਆਚਾਰਕ ਵਰਤਾਰੇ ਦੀ ਬਜਾਏ ਸਿਰਫ ਸ਼ਕਤੀਸ਼ਾਲੀ ਪ੍ਰਸਥਿਤੀਆਂ ਅਤੇ ਦਬਾਵਾਂ ਦਾ ਸਿੱਟਾ ਬਣ ਗਿਆ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) (A) ਸਹੀ ਹੈ ਅਤੇ (R) ਗ਼ਲਤ ਹੈ ।
(2) (A) ਗ਼ਲਤ ਹੈ ਅਤੇ (R) ਆਂਸ਼ਿਕ ਸਹੀ ਹੈ ।
(3) (A) ਅਤੇ (R) ਦੋਵੇਂ ਸਹੀ ਹਨ ।
(4) (A) ਆਂਸਿਕ ਸਹੀ ਹੈ ਅਤੇ (R) ਸਹੀ ਹੈ ।

46.

| | **ਸੂਚੀ-I** | | **ਸੂਚੀ-II** |
|---|---|---|---|
| (a) | ਵਣਜਾਰਾ ਬੇਦੀ | (i) | ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ |
| (b) | ਨਾਹਰ ਸਿੰਘ | (ii) | ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ |
| (c) | ਕਰਨ ਜੀਤ ਸਿੰਘ | (iii) | ਪੰਜਾਬੀ ਸਾਹਿਤ ਦਾ ਲੋਕਧਾਰਾਈ ਪਿਛੋਕੜ |
| (d) | ਜੁਗਿੰਦਰ ਸਿੰਘ ਕੈਰੋਂ | (iv) | ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ |

| | (a) | (b) | (c) | (d) |
|---|---|---|---|---|
| (1) | (iii) | (ii) | (i) | (iv) |
| (2) | (i) | (iii) | (iv) | (ii) |
| (3) | (ii) | (iv) | (i) | (iii) |
| (4) | (i) | (iv) | (iii) | (ii) |

47. **(A) ਕਥਨ** : ਖੋਜ ਅਤੇ ਆਲੋਚਨਾ ਨੂੰ ਅਕਸਰ ਇਕੋ ਖਿਆਲ ਕੀਤਾ ਜਾਂਦਾ ਹੈ । ਖੋਜ ਨਵੇਂ ਤੱਥਾਂ ਦੀ ਲੱਭਤ ਹੈ ਅਤੇ ਆਲੋਚਨਾ ਸੂਖ਼ਮ ਤੇ ਸਿਰਜਨਾਤਮਕ ਕਾਰਜ ਹੈ ।

**(R) ਕਾਰਨ** : ਅਕਾਦਮਿਕ ਖੇਤਰ ਵਿਚ ਜੋ ਖੋਜ ਹੋ ਰਹੀ ਹੈ ਉਹ ਕਿਤੇ ਖੋਜ ਅਤੇ ਕਿਤੇ ਸ਼ੁਧ ਸਮੀਖਿਆ ਬਣ ਜਾਂਦੀ ਹੈ ।

(1) (A) ਅਤੇ (R) ਦੋਵੇਂ ਗ਼ਲਤ ਹਨ
(2) (A) ਅਤੇ (R) ਦੋਵੇਂ ਸਹੀ ਹਨ ।
(3) (A) ਸਹੀ (R) ਗ਼ਲਤ ਹੈ ।
(4) (A) ਗ਼ਲਤ (R) ਸਹੀ ਹੈ ।

ਹੇਠ ਲਿਖੇ ਪੈਰੇ ਦੇ ਆਧਾਰ 'ਤੇ **48**, **49** ਅਤੇ **50** ਪ੍ਰਸ਼ਨਾਂ ਦੇ ਉੱਤਰ ਦਿਓ :

ਕਿੱਸਾ-ਕਾਵਿ ਦਾ ਅੰਤਮ ਪੜਾ ਸਾਨੂੰ ਫੇਰ ਧਰਮ ਵਲ ਖਿੱਚ ਕੇ ਲੈ ਜਾਂਦਾ ਹੈ । ਐਤਕੀ ਬਲ ਰੱਬ ਦੀ ਵਿਅਕਤੀਮੂਲਕ ਵਿਆਖਿਆ ਉਪਰ ਨਹੀਂ, ਧਰਮ ਦੀ ਸੰਸਥਾ-ਮੂਲਕ ਸੁਰਖਿਆ ਉਪਰ ਹੈ । ਹੁਣ ਧਰਮ ਸੰਕਟ ਵਿਚ ਪਏ ਮਨੁਖ ਦਾ ਉਧਾਰਕ ਨਹੀਂ, ਧਰਮ ਆਪ ਸੰਕਟ ਵਿਚ ਹੈ ਅਤੇ ਮਨੁੱਖ ਉਸ ਦੇ ਉਧਾਰ ਦਾ ਜਤਨ ਕਰ ਰਿਹਾ ਹੈ । ਧਰਮ-ਸੰਕਟ ਦੇ ਮੁਕਾਬਲੇ ਉਤੇ ਮਨੁਖ-ਸੰਕਟ ਨਿਗੂਣਾ ਪ੍ਰਤੀਤ ਹੋਣ ਲਗ ਪੈਂਦਾ ਹੈ । ਧਰਮ ਅਤੇ ਮਨੁਖ ਦੇ ਇਸ ਅਚੇਤ ਦੁਫੇੜ ਦੀ ਸਲਤਨਤ ਉਨ੍ਹੀਵੀਂ ਸਦੀ ਦੇ ਆਖਰੀ ਅਧ ਤੋਂ ਅਰੰਭ ਹੋ ਕੇ ਭਾਈ ਵੀਰ ਸਿੰਘ ਦੇ ਸਮੇਂ ਤਕ ਫੈਲੀ ਹੋਈ ਹੈ । ਏਸ ਵੇਲੇ ਦੀ ਛੰਦ-ਰਚਨਾ ਨੂੰ ਅਸੀਂ ਬਾਣੀ ਨਹੀਂ ਕਹਿ ਸਕਦੇ ਕਿਉਂਕਿ ਇਸ ਦਾ ਕੇਂਦਰ-ਬਿੰਦੂ ਰੱਬ ਨਹੀਂ । ਇਸ ਦਾ ਕੇਂਦਰ-ਬਿੰਦੂ ਪ੍ਰਮਾਣਿਕ ਮਨੁਖ ਦਾ ਵਿਅਕਤੀਗਤ ਵਰਤਮਾਨ ਅਨੁਭਵ ਵੀ ਨਹੀਂ, ਬੀਤ ਚੁੱਕੇ ਕਬੀਲੇ ਦੇ ਪੁਨਰ ਜੀਵਨ ਵਿਚ ਵਰਤਮਾਨ ਮਨੁੱਖ ਨੂੰ ਆਪਣੀ ਸੁਰਖਿਆ ਪ੍ਰਤੀਤ ਹੁੰਦੀ ਹੈ । ਪੁਨਰ ਜੀਵਨ ਇਸ ਯੁਗ ਦੇ ਮੁਲ ਵਿਧਾਨ ਦਾ ਕੇਂਦਰ-ਬਿੰਦੂ ਹੈ ਅਤੇ ਉਸ ਸਮੇਂ ਦਾ ਕਾਵਿ-ਸੰਸਾਰ ਇਸ ਮੁਲ ਤੋਂ ਪ੍ਰੇਰਨਾ ਪ੍ਰਾਪਤ ਕਰਦਾ ਹੈ – ਕੇਵਲ ਪ੍ਰੇਰਨਾ, ਅਨੰਦ ਨਹੀਂ ।

**48.** ਪੰਜਾਬੀ ਕਿੱਸਾ-ਕਾਵਿ ਦੇ ਅਖੀਰਲੇ ਪੜ੍ਹਾ ਦੀ ਪ੍ਰਵਿਰਤੀ ਹੈ :

I. ਸੰਸਥਾਮੂਲਕ ਸੁੱਰਖਿਆ

II. ਧਰਮ ਸੰਕਟ

III. ਮਨੁੱਖੀ ਉਧਾਰ

IV. ਕਬੀਲਾ ਭਾਵਨਾ

ਕਿਹੜਾ ਸਹੀ ਹੈ :

(1) I ਤੇ II  (2) II ਤੇ IV

(3) III ਤੇ IV  (4) I ਤੇ III

**49.** ਕਿਹੜਾ ਕਥਨ ਸਹੀ ਹੈ :

(1) ਕੇਂਦਰ-ਬਿੰਦੂ ਰੱਬ ਨਹੀ ਹੈ, ਸੋ ਇਹ ਬਾਣੀ ਨਹੀਂ ਹੈ ।

(2) ਕੇਂਦਰ-ਬਿੰਦੂ ਪ੍ਰਮਾਣਿਕ ਮਨੁਖ ਦਾ ਵਿਅਕਤੀਗਤ ਅਨੁਭਵ ਹੈ ।

(3) ਬੀਤ ਚੁੱਕੇ ਕਬੀਲੇ ਦੇ ਪੁਨਰ ਜੀਵਨ ਵਿਚ ਸੁਰਖਿਆ ਦੀ ਅਣਹੋਂਦ ਹੈ ।

(4) ਪੁਨਰ ਜੀਵਨ ਇਸ ਯੁਗ ਦੇ ਮੁੱਲ-ਵਿਧਾਨ ਦਾ ਕੇਂਦਰ-ਬਿੰਦੂ ਨਹੀਂ ।

**50.** ਪੈਰ੍ਹੇ ਦਾ ਮੁੱਖ ਥੀਮ ਹੈ :

(1) ਪੰਜਾਬੀ ਕਿੱਸਾ ਕਾਵਿ ਦੀ ਪ੍ਰਵਿਰਤੀਮੂਲਕ ਵਿਆਖਿਆ ।

(2) ਉਨ੍ਹੀਵੀਂ ਸਦੀ ਅਤੇ ਵੀਹਵੀਂ ਸਦੀ ਦੇ ਮੁਢਲੇ ਸਾਹਿਤ ਦਾ ਆਪਸੀ ਸੰਬੰਧ ।

(3) ਧਰਮ-ਸੰਕਟ ਅਤੇ ਮਨੁਖ-ਸੰਕਟ ਦਾ ਵਿਰੋਧ ।

(4) ਛੰਦ ਰਚਨਾ ਅਤੇ ਸਾਹਿਤ ਰਚਨਾ ਦਾ ਆਪਸੀ ਸੁਮੇਲ ।

Space For Rough Work